# The Burrell Collection

ਬਰੈਲ ਕਲੇਕਸ਼ਨ



## 1.
## The Warwick Vase (ਵਾਰਵਿਕ ਫੁੱਲਦਾਨ)

ਪੁਰਾਤਨ ਰੋਮ ਵਿੱਚ ਪੁਰਸ਼ਾਂ ਵਿਚਕਾਰ ਸੰਬੰਧ ਇੱਕ ਆਮ ਗੱਲ ਸੀ।

ਰੋਮਨ ਸਮਰਾਟ, ਹੈਡਰੀਅਨ ਐਂਟੀਨੌਂਸ ਨਾਮ ਦੇ ਇੱਕ ਨੌਜਵਾਨ ਨਾਲ ਪਿਆਰ ਵਿੱਚ ਸੀ, ਅਤੇ ਉਹ ਜਨਤਾ ਦੇ ਸਾਹਮਣੇ ਬਹੁਤ ਮਾਣ ਨਾਲ ਇੱਕ ਦੂਜੇ ਲਈ ਆਪਣੇ ਪਿਆਰ ਦਾ ਇਜ਼ਹਾਰ ਕਰਦਾ ਸੀ।

ਜਦੋਂ ਐਂਟੀਨੌਂਸ ਦੀ ਮੌਤ ਹੋ ਗਈ, ਤਾਂ ਹੈਡਰੀਅਨ ਪੂਰੀ ਤਰ੍ਹਾਂ ਟੁੱਟ ਗਿਆ ਸੀ। ਹੈਡਰੀਅਨ ਨੇ ਉਸਨੂੰ ਯਾਦ ਕਰਨ ਲਈ ਆਪਣੇ ਬਗੀਚੇ ਲਈ ਐਂਟੀਨੌਂਸ ਦੀ ਇੱਕ ਮੂਰਤੀ ਬਣਵਾਈ ਸੀ।

ਇਹ ਵਿਸ਼ਾਲ ਸੰਗਮਰਮਰ ਦਾ ਫੁੱਲਦਾਨ 1771 ਵਿੱਚ ਹੈਡਰੀਅਨ ਦੇ ਵਿਲਾ ਦੇ ਬਗੀਚਿਆਂ ਵਿੱਚ, ਐਂਟੀਨੌਂਸ ਦੀ ਇੱਕ ਮੂਰਤੀ ਦੇ ਨਾਲ ਖੋਜਿਆ ਗਿਆ ਸੀ।

# LEGACIES OF LOVE (ਪਿਆਰ ਦੀਆਂ ਵਿਰਾਸਤਾਂ)

## Burrell (ਬਰੈਲ) LGBTQ+ ਇਤਿਹਾਸਾਂ ਦਾ ਟ੍ਰੇਲ

The Burrell (ਬਰੈਲ) ਦੇ LGBTQ+ (ਲੈਸਬੀਅਨ, ਗੇ, ਬਾਈਸੈਕਸੁਅਲ, ਟਰਾਂਸਜੈਂਡਰ, ਕੁਈਰ +) ਫੈਮਿਲੀ ਟ੍ਰੇਲ ਵਿੱਚ ਤੁਹਾਡਾ ਸੁਆਗਤ ਹੈ, ਜਿੱਥੇ ਤੁਸੀਂ ਸਾਡੀਆਂ ਵਸਤੂਆਂ ਤੋਂ ਅਤੀਤ ਦੇ LGBTQ+ ਲੋਕਾਂ ਦੀਆਂ ਕਹਾਣੀਆਂ ਨੂੰ ਐਕਸਪਲੋਰ ਕਰ ਸਕਦੇ ਹੋ ਅਤੇ ਉਨ੍ਹਾਂ ਨੂੰ ਯਾਦ ਕਰ ਸਕਦੇ ਹੋ।



## 2.
## Lan Caihe (ਲੈਨ ਕੈਹੀ) – ਉੱਤਰੀ ਗੈਲਰੀਆਂ

Lan Caihe (ਲੈਨ ਕੈਹੀ) ਅੱਠ ਅਮਰਾਂ ਵਿੱਚੋਂ ਇੱਕ ਹੈ, ਜੋ ਕਿ ਪ੍ਰਾਚੀਨ ਚੀਨ ਦੇ ਨਾਇਕਾਂ ਦਾ ਇੱਕ ਸਮੂਹ ਹੈ ਜਿਨ੍ਹਾਂ ਵਿੱਚੋਂ ਹਰੇਕ ਕੋਲ ਆਪਣੀ ਖੁਦ ਦੀ ਸੁਪਰਪਾਵਰ ਹੈ।

Lan Caihe (ਲੈਨ ਕੈਹੀ) ਦੀ ਸ਼ਕਤੀ ਚਿੰਤਾਵਾਂ ਨੂੰ ਦੂਰ ਕਰਨ ਦੀ ਸੀ। ਉਹ ਭਲਾਈ ਲਈ ਇੱਕ ਤਾਕਤ ਵਜੋਂ ਦੂਜੇ ਅਮਰਾਂ ਦੇ ਨਾਲ ਕੰਮ ਕਰਦੇ ਸਨ।

Lan Caihe (ਲੈਨ ਕੈਹੀ) ਦਾ ਲਿੰਗ ਬਦਲਦਾ ਰਹਿੰਦਾ ਹੈ, ਜਿਸਨੂੰ ਜਾਂ ਤਾਂ ਇੱਕ ਪੁਰਸ਼ ਜਾਂ ਮਹਿਲਾ ਆਕਰਤੀ ਵਜੋਂ, ਜਾਂ ਬਿਨਾਂ ਲਿੰਗ ਦੇ ਦਿਖਾਇਆ ਗਿਆ ਹੈ।

ਜੇ ਤੁਹਾਡੇ ਕੋਲ Lan Caihe (ਲੈਨ ਕੈਹੀ) ਵਾਂਗ ਆਪਣੀ ਕੋਈ ਸੁਪਰਪਾਵਰ ਹੁੰਦੀ, ਤਾਂ ਤੁਸੀਂ ਕੀ ਚੁਣਦੇ ਅਤੇ ਕਿਉਂ?

ਇੱਥੇ ਜਵਾਬ ਦਿਓ

______________________

______________________

______________________

ਇਹ ਚੁਣੀਆਂ ਹੋਈਆਂ ਕਹਾਣੀਆਂ ਮਿਊਜ਼ੀਅਮ ਦੀ ਗਰਾਊਂਡ ਫਲੋਰ 'ਤੇ ਸਥਿਤ ਹਨ। ਤੁਸੀਂ ਰਿਸੈਪਸ਼ਨ 'ਤੇ ਨਕਸ਼ਾ ਲੱਭ ਸਕਦੇ ਹੋ ਜਾਂ ਆਪਣਾ ਰਸਤਾ ਲੱਭਣ ਵਿੱਚ ਮਦਦ ਕਰਨ ਲਈ ਸਾਡੇ ਗੈਲਰੀ ਸਹਾਇਕਾਂ ਵਿੱਚੋਂ ਕਿਸੇ ਨੂੰ ਪੁੱਛ ਸਕਦੇ ਹੋ।

## 3.
## Saint Sebastian (ਸੇਂਟ ਸੇਬਾਸਟੀਅਨ) – ਉੱਤਰੀ ਗੈਲਰੀਆਂ



ਸੇਂਟ ਸੇਬੇਸਟਿਅਨ ਨੂੰ ਰੋਮਨਾਂ ਦੁਆਰਾ ਈਸਾਈ ਹੋਣ ਕਾਰਨ ਮੌਤ ਦੀ ਸਜ਼ਾ ਸੁਣਾਈ ਗਈ ਸੀ। ਉਸਨੂੰ ਇੱਕ ਦਰੱਖਤ ਨਾਲ ਬੰਨ੍ਹਿਆ ਗਿਆ ਸੀ ਅਤੇ ਉਸਦੇ ਸਰੀਰ ਵਿੱਚ ਤੀਰ ਚਲਾਏ ਗਏ ਸਨ – ਪਰ ਉਹ ਬਚ ਗਿਆ!

ਬਹੁਤ ਸਾਰੇ LGBTQ+ ਲੋਕ ਸੇਂਟ ਸੇਬੇਸਟਿਅਨ ਨਾਲ ਪਛਾਣ ਕਰਦੇ ਹਨ ਕਿਉਂਕਿ ਇਹ ਉਹਨਾਂ ਨੂੰ ਉਸ ਭੇਦਭਾਵ ਦੀ ਯਾਦ ਦਿਵਾਉਂਦਾ ਹੈ ਜਿਸਦਾ ਉਹਨਾਂ ਨੇ ਖੁਦ ਹੋਣ ਕਰਕੇ ਸਾਹਮਣਾ ਕੀਤਾ ਹੈ।

ਕੁਝ ਲੋਕਾਂ ਲਈ ਸੇਂਟ ਸੇਬੇਸਟਿਅਨ ਇੱਕ ਗੇ ਆਈਕੋਨ ਬਣ ਗਿਆ ਹੈ ਅਤੇ ਉਸਨੇ ਕਲਾਕਾਰਾਂ ਨੂੰ ਪ੍ਰੇਰਿਤ ਕੀਤਾ ਹੈ।

ਸੇਂਟ ਸੇਬੇਸਟਿਅਨ ਦੀ ਉਸਦੇ ਲਚਕੀਲੇਪਣ ਲਈ ਕੁਝ ਲੋਕਾਂ ਦੁਆਰਾ ਪ੍ਰਸ਼ੰਸਾ ਕੀਤੀ ਜਾਂਦੀ ਹੈ, ਤੁਹਾਡਾ ਆਈਕੋਨ ਕੌਣ ਹੈ ਅਤੇ ਤੁਸੀਂ ਉਨ੍ਹਾਂ ਵਿੱਚ ਕਿਹੜੇ ਗੁਣਾਂ ਦੀ ਪ੍ਰਸ਼ੰਸਾ ਕਰਦੇ ਹੋ?

ਇੱਥੇ ਜਵਾਬ ਦਿਓ

______________________________

______________________________

______________________________

______________________________

______________________________

______________________________

ਅਸੀਂ ਮੰਨਦੇ ਹਾਂ ਕਿ ਸਾਡੇ LGBTQ ਪਰਿਵਾਰਕ ਟ੍ਰੇਲ ਵਿੱਚ ਮਹਿਲਾਵਾਂ ਦੀ ਕਮੀ ਹੈ। ਇਸਦਾ ਮਤਲਬ ਇਹ ਨਹੀਂ ਹੈ ਕਿ ਉਹਨਾਂ ਦੀਆਂ ਕਹਾਣੀਆਂ ਮੌਜੂਦ ਨਹੀਂ ਹਨ ਜਾਂ ਮਹੱਤਵਪੂਰਨ ਨਹੀਂ ਹਨ – ਬਸ ਸਾਨੂੰ ਉਹਨਾਂ ਨੂੰ ਲੱਭਣਾ ਬਾਕੀ ਹੈ। ਅਸੀਂ ਜਲਦੀ ਹੀ ਹੋਰ ਛੁਪੇ ਹੋਏ ਇਤਿਹਾਸਾਂ ਨੂੰ ਉਜਾਗਰ ਕਰਨ ਦੀ ਉਮੀਦ ਵਿੱਚ ਆਪਣੇ ਸੰਗ੍ਰਹਿਆਂ ਦੀ ਨਿਯਮਤ ਤੌਰ 'ਤੇ ਖੋਜ ਕਰ ਰਹੇ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਤੁਹਾਨੂੰ ਇਹ ਪਸੰਦ ਆਇਆ ਹੋਵੇਗਾ!

## 4.
## Hercules (ਹਰਕਿਊਲਿਸ) – ਕਹਾਣੀ ਸੁਣਾਉਣ ਵਾਲੀ ਗੈਲਰੀ

ਸਾਡੀ ਕਹਾਣੀ ਸੁਣਾਉਣ ਵਾਲੀ ਗੈਲਰੀ ਵਿੱਚ ਤੁਹਾਡਾ ਸੁਆਗਤ ਹੈ, ਉਹਨਾਂ ਲੋਕਾਂ ਨਾਲ ਕਹਾਣੀਆਂ ਸਾਂਝਾ ਕਰਨ ਲਈ ਇੱਕ ਥਾਂ ਜਿਨ੍ਹਾਂ ਨੂੰ ਤੁਸੀਂ ਪਿਆਰ ਕਰਦੇ ਹੋ, ਅਤੇ ਉਹ ਬਣਨ ਲਈ ਜੋ ਤੁਸੀਂ ਚਾਹੁੰਦੇ ਹੋ!

ਹਰਕਿਊਲਿਸ, ਪ੍ਰਾਚੀਨ ਯੂਨਾਨੀ ਦੇਵਤੇ ਜ਼ੂਸ (Zeus) ਦਾ ਪੁੱਤਰ, ਆਪਣੀ ਸੁਪਰਹੀਰੋ ਵਰਗੀ ਤਾਕਤ ਅਤੇ ਹਿੰਮਤ ਲਈ ਮਸ਼ਹੂਰ ਸੀ।

ਹਰਕਿਊਲਿਸ ਕਈ ਮੁਹਿੰਮਾਂ 'ਤੇ ਗਿਆ ਸੀ ਅਤੇ ਉਸਦੇ ਬੁਆਏਫ੍ਰੈਂਡ ਅਤੇ ਗਰਲਫ੍ਰੈਂਡ ਦੋਵੇਂ ਹੋਣ ਲਈ ਜਾਣਿਆ ਜਾਂਦਾ ਸੀ।



© ਕਲਚਰ ਐਂਡ ਸਪੋਰਟ ਗਲਾਸਗੋ (ਮਿਊਜ਼ੀਅਮ) 2022

Glasgow Life, ਕਲਚਰ ਐਂਡ ਸਪੋਰਟ ਗਲਾਸਗੋ ਵਜੋਂ ਰਜਿਸਟਰ ਕੀਤਾ ਹੈ, ਜੋ ਇੱਕ ਸਕਾਟਿਸ਼ ਚੈਰਿਟੀ (ਨੰਬਰ SC037844) ਹੈ ਅਤੇ ਸਕਾਟਿਸ਼ ਚੈਰਿਟੀ ਰੈਗੂਲੇਟਰ (OSCR) ਦੁਆਰਾ ਨਿਯੰਤ੍ਰਿਤ ਕੀਤੀ ਜਾਂਦੀ ਹੈ।